# ਸ਼ਹੀਦ

(12 ਨਵੰਬਰ 1994, ਨਕਸਲਬਾੜੀ ਸ਼ਹੀਦਾਂ ਦੀ ਯਾਦ ਵਿਚ ਹੋ ਰਹੇ ਸਮਾਗਮ ਲਈ ਲਿਖਿਆ ਗਿਆ। ਲਿਖਣ ਮਿਤੀ 15–10–94)

ਪਾਤਰ : ਮਾਂ, ਦੀਪ ਸਿੰਘ, ਬਾਬਾ, ਸਰਪੰਚ ਇੰਸਪੈਕਟਰ

*(ਨਾਟਕ ਸ਼ੁਰੂ ਹੋਣ 'ਤੇ ਦੀਪਾ ਅਖਬਾਰ ਅਗੇ ਰਖੀ ਕੁਝ ਸੋਚ ਰਿਹਾ ਹੈ, ਮਾਂ ਆਉਂਦੀ ਹੈ।)*

ਮਾਂ : ਤੂੰ ਕਿਹੜੀਆਂ ਸੋਚਾਂ ਵਿਚ ਪਿਆ ਏ ?

ਦੀਪ : ਸੋਚਾਂ ਕਿਹੜੀਆਂ ਵਿਚ ਪੈਣਾ ਏ ਮਾਂ ਬਸ ਐਵੇਂ ਹੀ –

ਮਾਂ : ਮੈਨੂੰ ਸਭ ਪਤਾ ਏ, ਇਹ ਆਦਤ ਤੇਰੀ ਆਪਣੇ ਬਾਪੂ ਵਾਲੀ ਏ, ਉਹ ਵੀ ਕਿਸੇ ਨਾ ਕਿਸੇ ਸੋਚ ਵਿਚ ਪਿਆ ਰਹਿੰਦਾ ਸੀ।

ਦੀਪ : ਬਾਪੂ ਜੀ ਵੇਲੇ ਗੱਲ ਬੜੀ ਸਿੱਧੀ ਹੁੰਦੀ ਸੀ ਕਿ ਦੇਸ਼ ਉਤੇ ਅੰਗਰੇਜ਼ਾਂ ਦਾ ਰਾਜ ਏ, ਆਜ਼ਾਦੀ ਲਈ ਲੜਾਈ ਲੜਣੀ ਏ, ਦੇਸ਼ ਨੂੰ ਆਜ਼ਾਦ ਕਰਵਾਉਣਾ ਏ – ਤੇ ਇਹ ਵੀ ਸੀ ਕਿ ਆਪਣਾ ਰਾਜ ਹੋਵੇਗਾ, ਦੁੱਖ ਦਲਿੱਦਰ ਦੂਰ ਹੋ ਜਾਏਗਾ ਪਰ ਹੁਣ... ..

ਮਾਂ : ਹੁਣ ਕੀ ?

ਦੀਪ : ਪਰ ਹੁਣ ਤਾਂ ਮਾਂ ਸਾਰੀ ਗੱਲ ਬਦਲ ਗਈ ਏ, ਹੁਣ ਤਾਂ ਬਹੁਤੇ ਇਹ ਕਹਿੰਦੇ ਨੇ ਕਿ ਰਾਜ ਆਪਣਿਆਂ ਦਾ ਏ ਤੇ ਆਪਣੇ ਵੀ ਉਹ ਜਿਹੜੇ ਚੋਣਾਂ ਜਿੱਤਕੇ ਆਏ ਨੇ, ਉਹ ਕਿਹੋ ਜਿਹੇ ਵੀ ਨੇ, ਰਾਜ ਕਰਨਾ ਉਹਨਾਂ ਦਾ ਹੱਕ ਏ, ਭਾਵੇਂ ਉਹ ਸਰਪੰਚ ਏ ਤੇ ਭਾਵੇਂ ਵਜ਼ੀਰ।

ਮਾਂ : ਹਾਂ ਸੱਚ, ਕਲ੍ਹ ਸਰਪੰਚ ਆਇਆ ਸੀ।

ਦੀਪ : ਕੀ ਕਹਿੰਦਾ ਸੀ ?

ਮਾਂ : ਤੇਰੇ ਬਾਰੇ ਪੁੱਛਦਾ ਸੀ।

ਦੀਪ : ਮਾਂ ਉਸ ਸਰਪੰਚ ਦਾ ਮੇਰੇ ਨਾਲ ਕੋਈ ਸਰੋਕਾਰ ਨਹੀਂ, ਉਹਦਾ ਰਾਹ ਵੱਖਰਾ ਏ ਤੇ ਮੇਰਾ ਰਾਹ ਵੱਖਰਾ ਏ।

ਮਾਂ : ਇਹ ਸਰਪੰਚ ਤੇਰੇ ਬਾਪੂ ਜੀ ਦਾ ਸਾਥੀ ਰਿਹਾ ਏ, ਦੋਨਾਂ ਨੇ ਇਕੱਠੇ ਕਈ ਮੋਰਚੇ ਲੜੇ ਨੇ।

ਦੀਪ : ਮੋਰਚੇ ਜ਼ਰੂਰ ਇਕੱਠੇ ਲੜੇ ਹੋਣੇ ਨੇ, ਪਰ ਇਹ ਵੀ ਗੱਲ ਏ ਕਿ ਇਸ ਸਰਪੰਚ ਨੇ ਸਰਕਾਰੇ ਦਰਬਾਰੇ ਉਹਦੀ ਕੀਮਤ ਵੀ ਵਸੂਲ ਕਰ ਲਈ

ਏ, ਬਾਪੂ ਜੀ ਜੀਂਦੇ ਹੁੰਦੇ ਤਾਂ ਉਹਨਾਂ ਨੇ ਵੀ ਇਹੀ ਕਹਿਣਾ ਸੀ ਕਿ ਮੇਰਾ ਰਾਹ ਵੱਖਰਾ ਏ ਤੇ ਵਸਾਖਾ ਸਿੰਘ ਦਾ ਰਾਹ ਵੱਖਰਾ ਏ।

ਮਾਂ : ਪਰ ਸਾਨੂੰ ਕਿਸੇ ਵੇਲੇ ਵੀ ਉਹਦੀ ਮਦਦ ਦੀ ਲੋੜ ਪੈ ਸਕਦੀ ਏ, ਉਹਦੀ ਉੱਤੇ ਤੱਕ ਪਹੁੰਚ ਏ, ਕਿਸੇ ਸਕੂਲ ਨੌਕਰੀ ਤਾਂ ਲਗਵਾ ਹੀ ਸਕਦਾ ਏ।

ਦੀਪ : ਮਾਂ, ਮੈਂ ਉਹਦੀ ਮਦਦ ਨਾਲ ਨੌਕਰੀ ਨਹੀਂ ਲੈਣੀ ਤੇ ਨਾਲੇ ਉਹ ਐਵੇਂ ਨਹੀਂ ਆਉਂਦਾ, ਉਹਨੂੰ ਮੇਰੇ ਨਾਲ ਕੰਮ ਏ।

ਮਾਂ : ਤੇਰੇ ਨਾਲ ਕੀ ਕੰਮ ਏ ?

ਦੀਪ : ਤੈਨੂੰ ਪਤਾ ਏ ਕਿ ਪਿੰਡ ਵਿਚ ਜੋ ਵੀ ਕੰਮ ਹੁੰਦਾ ਏ, ਭਾਵੇਂ ਉਹ ਗਲੀਆਂ ਪੱਕੀਆਂ ਕਰਨ ਦਾ ਹੋਵੇ ਜਾਂ ਨਾਲੀਆਂ ਬਨਾਉਣ ਦਾ, ਉਸ ਵਿਚ ਸਰਪੰਚ ਦੀ ਪੁੱਛ ਏ ਤੇ ਉਹ ਠੇਕੇਦਾਰਾਂ ਕੋਲੋਂ, ਉੱਤਲੇ ਅਫਸਰਾਂ ਕੋਲੋਂ ਉਹਦੀ ਪੂਰੀ ਕੀਮਤ ਲੈਂਦਾ ਏ। ਅਸੀਂ ਨੌਜਵਾਨਾਂ ਨੇ ਕਲ੍ਹ ਮੀਟਿੰਗ ਬੁਲਾਈ ਏ ਕਿ ਸਾਰਾ ਹਿਸਾਬ ਕਿਤਾਬ ਪੁਛਿਆ ਜਾਏ।

ਬਾਬਾ : ਕੀਹਦੇ ਕੋਲੋਂ ਹਿਸਾਬ ਕਿਤਾਬ ਪੁਛੋਗੇ ਜਵਾਨੋ ?

ਦੀਪ : ਬਾਬਾ ਜੀ, ਸਰਪੰਚ ਕੋਲੋਂ ਪੁੱਛਾਂਗੇ।

ਬਾਬਾ : ਤੁਸੀਂ ਜੇ ਹਿਸਾਬ ਪੁਛੋਗੇ, ਉਹ ਹਿਸਾਬ ਦੇ ਦੇਵੇਗਾ, ਇਸ ਵਿਚ ਕੀ ਮੁਸ਼ਕਿਲ ਏ ?

ਦੀਪ : ਜਿਹੜਾ ਉਸਨੇ ਪੈਸਾ ਖਾਧਾ ਏ, ਉਹਦਾ ਹਿਸਾਬ ਕਿਸ ਤਰ੍ਹਾਂ ਦੇਵੇਗਾ ?

ਬਾਬਾ : ਜਿਸ ਤਰ੍ਹਾਂ ਬੇਈਮਾਨ ਲੋਕ ਦੇਂਦੇ ਹੁੰਦੇ ਨੇ, ਕਹੇਗਾ ਗਲੀਆਂ ਨੂੰ ਪੱਕਾ ਕਰਨ ਲਈ 10,000 ਇੱਟ ਲਗੀ, ਭਾਵੇਂ ਲਗੀ ਹੋਏ 9800 ਇੱਟ 200 ਇੱਟਾਂ ਦਾ ਮੁੱਲ ਹੋਇਆ 160/- ਉਹ ਉਹਦੀ ਜੇਬ ਵਿਚ ਚਲਿਆ ਗਿਆ। ਹੁਣ ਤੁਸੀਂ ਗਿਣਨ ਥੋੜਾ ਬੈਠੋਗੇ ਕਿ 9800 ਇੱਟਾਂ ਲਗੀਆਂ ਕਿ 10,000 ਇੱਟਾਂ। ਇਹ ਤਾਂ ਹੋਇਆ ਇੱਟਾਂ ਦਾ ਮਾਮਲਾ, ਬਾਕੀ ਸੀਮੈਂਟ, ਚੂਨਾ, ਰੋੜੀ ਕਿਦ੍ਹਾ ਕਿਦ੍ਹਾ ਹਿਸਾਬ ਪੁਛੋਗੇ। ਜਦੋਂ ਸਾਰਾ ਆਵਾ ਹੀ ਊਤਿਆ ਹੋਇਆ ਏ।

ਦੀਪ : ਪਰ ਬਾਬਾ ਜੀ, ਦੱਬਕਾ ਤਾਂ ਪਵੇਗਾ ਕਿ ਉਹਨੂੰ ਵੀ ਪੁਛਣ ਵਾਲਾ ਕੋਈ ਹੈ।

ਮਾਂ : ਫੇਰ ਤਾਂਹੀਓ ਕਲ੍ਹ ਆਇਆ ਹੋਣਾ ਏ, ਮੈਂ ਵੀ ਆਖਾਂ ਦੀਪੇ ਦਾ ਖਿਆਲ ਕਿਥੋਂ ਆ ਗਿਆ ? ਮੈਂ ਤੁਹਾਡੇ ਲਈ ਚਾਹ ਲਿਆਵਾਂ।

ਬਾਬਾ : ਹਾਂ ਤੇ ਭਤੀਜਿਆ, ਇਹ ਬੰਗਾਲ ਵੱਲ ਜਿਹੜਾ ਨਕਸਲਬਾੜੀ

ਵਾਲਾ ਮੋਰਚਾ ਲਗ ਗਿਆ ਹੈ, ਇਸ ਬਾਰੇ ਅਖਬਾਰ ਕੀ ਕਹਿੰਦੀ ਏ?

ਦੀਪ : ਬਾਬਾ ਜੀ, ਇਹ ਮੋਰਚਾ ਨਹੀਂ, ਇਹ ਤਾਂ ਬਕਾਇਦਾ ਜੰਗ ਏ, ਚਾਹ ਦੇ ਬਾਗਾਂ ਵਿਚੋਂ ਸੇਠਾਂ ਕੋਲੋਂ ਬਾਗ ਖੋਹਕੇ ਆਪਣੇ ਹੱਥਾਂ ਵਿਚ ਲੈਣੇ ਨੇ। ਤਿਲੰਗਾਨਾ ਦੇ ਬਾਅਦ ਇਹ ਅਗਲਾ ਇਤਿਹਾਸਕ ਸੰਘਰਸ਼ ਏ।

ਬਾਬਾ : ਹਾਂ ਤਿਲੰਗਾਨਾ ਭਾਵੇਂ ਕਾਮਯਾਬ ਨਾ ਹੋਇਆ, ਇਸਨੇ 'ਜ਼ਮੀਨ ਹਲ ਵਾਹਕ ਨੂੰ' ਦੇ ਨਾਅਰੇ ਨੂੰ ਘਰ ਘਰ ਪੁਚਾਇਆ। ਕ੍ਰਿਸ਼ਨ ਚੰਦਰ ਵਰਗੇ ਲੇਖਕ ਨੇ ਨਾਵਲ ਲਿਖਿਆ 'ਜਦੋਂ ਖੇਤ ਜਾਗੇ' ਇਹ ਮੈਂ ਪਿਛੇ ਜਹੇ ਫੇਰ ਪੜ੍ਹਿਆ ਸੀ।

ਦੀਪ : ਹਾਂ ਚਾਚਾ, ਖੇਤ ਵੀ ਜਾਗੇ ਸਨ ਤੇ ਕਿਸਾਨ ਵੀ ਜਾਗੇ ਸਨ –

*(ਸਰਪੰਚ ਆ ਜਾਂਦਾ ਹੈ।)*

ਸਰਪੰਚ : ਲੈ ਦੀਪ ਸਿਆਂ, ਚੰਗਾ ਹੋਇਆ ਤੂੰ ਘਰ ਮਿਲ ਗਿਆ ਏਂ।

ਦੀਪ : ਕਿਉਂ ਸਰਪੰਚ ਸਾਹਿਬ, ਮੇਰੇ ਨਾਲ ਕੋਈ ਕੰਮ ਸੀ ?

ਸਰਪੰਚ : ਤੂੰ ਤੇ ਓਪਰਿਆਂ ਵਾਂਗੂ ਗੱਲਾਂ ਕਰਦਾ ਏਂ। ਕਲ੍ਹ ਬੀ.ਡੀ.ਓ. ਸਾਹਿਬ ਨੇ ਮੀਟਿੰਗ ਬੁਲਾਈ ਸੀ, ਮੈਂ ਉਹਦੇ ਬਾਰੇ ਤੇਰੇ ਨਾਲ ਗੱਲ ਕਰਨੀ ਏ।

ਦੀਪ : ਮੇਰੇ ਨਾਲ ਕੀ ਗੱਲ ਕਰਨੀ ਏ ?

ਬਾਬਾ : ਆਹੋ ਇਹਦੇ ਨਾਲ ਕੀ ਗੱਲ ਕਰਨੀ ਏ, ਇਹਦੀ ਕਿਹੜਾ ਸਰਕਾਰੇ ਦਰਬਾਰੇ ਕੋਈ ਪੁੱਛ ਏ ?

ਸਰਪੰਚ (ਬਾਬਾ ਜੀ ਦੀ ਗੱਲ ਵੱਲ ਧਿਆਨ ਨਾ ਦੇਂਦੇ ਹੋਏ) ਹਦੈਤਾਂ ਆਈਆਂ ਨੇ ਕਿ ਪਿੰਡ ਸੁਧਾਰ ਕੰਮਾਂ ਵਿਚ ਨੌਜਵਾਨਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਏ। ਮੇਰੇ ਪਿੰਡ ਬਾਰੇ ਪੁਛਿਆ ਤਾਂ ਮੈਨੂੰ ਸਭ ਤੋਂ ਉਤੇ ਤੇਰਾ ਨਾਂ ਹੀ ਆਇਆ।

ਦੀਪ : ਸਰਪੰਚ ਸਾਹਿਬ, ਮੇਰਾ ਨਾਂ ਕਿਉਂ ਆਇਆ ?

ਸਰਪੰਚ : ਤੂੰ ਸਾਡੇ ਵਿਛੜ ਗਏ ਸਾਥੀ ਦੀ ਨਿਸ਼ਾਨੀ ਏਂ, ਪਿੰਡ ਵਿਚ ਤੇਰੇ ਨਾਲੋਂ ਵੱਧਕੇ ਹੋਰ ਨਾ ਤਾਂ ਕੋਈ ਪੜ੍ਹਿਆ ਹੋਇਆ ਏ ਤੇ ਨਾ ਹੀ ਕੋਈ ਸਿਆਣਾ ਏ।

ਬਾਬਾ : ਸਰਪੰਚ ਸਾਹਿਬ ਇਹ ਗੱਲ ਦਸੋ ਕਿ ਸਰਕਾਰ ਨੂੰ ਪੜ੍ਹਿਆਂ ਤੇ ਸਿਆਣਿਆਂ ਦੀ ਲੋੜ ਕਦੋਂ ਤੋਂ ਪੈ ਗਈ ਏ, ਅਗੇ ਤਾਂ ਅਠਵੀਂ ਫੇਲ੍ਹ ਨਾਲ ਹੀ ਕੰਮ ਚਲਦਾ ਪਿਆ, ਮੈਂ ਤੁਹਾਡੀ ਗੱਲ ਨਹੀਂ ਕਰਦਾ।

ਸਰਪੰਚ : ਫੇਰ ਹੋਰ ਕੀਹਦੀ ਗੱਲ ਕਰਦੇ ਹੋ ?

ਬਾਬਾ : ਹੁਣ ਤੱਕ ਤਾਂ ਇਹੀ ਚਲਦਾ ਰਿਹਾ ਏ ਕਿ ਜਿਹੜਾ ਸਾਰਿਆਂ ਨਾਲੋਂ ਵੱਡਾ ਠੱਗ ਹੋਵੇ, ਚੋਰ ਹੋਵੇ, ਝੂਠਾ ਹੋਵੇ, ਚਮਚਾਗਿਰੀ ਦਾ ਮਾਹਿਰ ਹੋਵੇ, ਉਹੀ ਮੋਹਰੀ ਹੁੰਦਾ ਏ, ਮੁਆਫ ਕਰਨਾ ਮੈਂ ਤੁਹਾਡੀ ਗੱਲ ਨਹੀਂ ਕਰਦਾ, ਹਾਂ ਤੇ ਦੀਪਿਆ ਤੂੰ ਬਣਜਾ ਮੋਹਰੀ।

ਦੀਪ : ਪਰ ਬਾਬਾ ਜੀ ਮੈਂ ਨਾ ਠੱਗ ਹਾਂ, ਨਾ ਚੋਰ ਹਾਂ ਤੇ ਨਾ ਹੀ ਮੈਨੂੰ ਚਮਚਾਗਿਰੀ ਆਉਂਦੀ ਏ।

ਬਾਬਾ : ਨਹੀਂ ਆਉਂਦੀ ਤੇ ਆ ਜਾਏਗੀ। ਠੱਗ ਬਣ ਜਾਏਂਗਾ, ਚੋਰ ਬਣ ਜਾਏਂਗਾ, ਚਮਚਾ ਬਣ ਜਾਏਂਗਾ, ਇਹ ਤਾਂ ਤਜ਼ਰਬੇ ਦੀ ਗੱਲ ਏ (ਸਰਪੰਚ ਨੂੰ ਲਾਕੇ) ਅਸੀਂ ਬੜੇ ਚੰਗਿਆਂ ਚੰਗਿਆਂ ਨੂੰ ਚੋਰ ਠੱਗ ਬਣਦਿਆਂ ਤੱਕਿਆ – ਮੈਂ ਸਰਪੰਚ ਹੋਰਾਂ ਦੀ ਗੱਲ ਨਹੀਂ ਕਰਦਾ, ਬਸ ਆਮ ਗੱਲ ਕਰਦਾਂ।

ਸਰਪੰਚ : (ਬਾਬੇ ਬਿੱਕਰ ਦੀ ਗੱਲ ਵੱਲ ਢੀਠਾਂ ਵਾਕੁਣ ਧਿਆਨ ਨਾ ਦੇਂਦਾ ਹੋਇਆ) ਫੇਰ ਤੇਰਾ ਕੀ ਇਰਾਦਾ ਏ ਦੀਪ ਸਿੰਘ ?

ਦੀਪ : ਸਰਪੰਚ ਸਾਹਿਬ, ਮੈਂ ਸਾਥੀਆਂ ਨਾਲ ਸਲਾਹ ਕਰਾਂਗਾ ਤੇ ਬਾਕੀ ਸਰਕਾਰ ਦੀਆਂ ਹਦੈਤਾਂ ਨਾ ਵੀ ਆਉਣ, ਅਸੀਂ ਨੌਜਵਾਨਾਂ ਨੇ ਇਹ ਇਰਾਦਾ ਜ਼ਰੂਰ ਬਣਾ ਲਿਆ ਏ ਕਿ ਅਸੀਂ ਪਿੰਡ ਦੇ ਕੰਮਾਂ ਵਿਚ ਦਖਲਅੰਦਾਜ਼ੀ ਕਰੀਏ।

ਸਰਪੰਚ : ਕਿਉਂ ?

ਦੀਪ : ਕਿਉਂਕਿ ਅਸੀਂ ਇਸ ਦੇਸ਼ ਵਿਚ ਔਸਤਨ 50 ਸਾਲ ਹੋਰ ਜੀਣਾ ਏ, ਤੇ ਜਿਹੜੇ ਚੌਧਰੀ ਨੇ, ਉਹਨਾਂ ਨੇ ਔਸਤਨ 20 ਸਾਲ ਹੋਰ ਜੀਣਾ ਏ। ਇਸ ਲਈ ਪਿੰਡ ਵਿਚ, ਦੇਸ਼ ਵਿਚ ਕੀ ਚੰਗਾ ਹੁੰਦਾ ਏ, ਕੀ ਮੰਦਾ ਹੁੰਦਾ ਏ, ਇਹਦੀ ਫਿਕਰ ਸਾਨੂੰ ਹੀ ਬਹੁਤੀ ਹੋਣੀ ਚਾਹੀਦੀ ਏ।

ਬਾਬਾ : ਇਹਨੂੰ ਆਖਦੇ ਨੇ ਪੜ੍ਹੇ ਲਿਖੇ ਬੰਦੇ, ਗੱਲ ਦਾ ਨਿਚੋੜ ਕੱਢਕੇ ਰੱਖ ਦਿੱਤਾ। ਤਾਂਹੀਓ ਤਾਂ ਕਹਿੰਦੇ ਨੇ ਸਿਆਣੇ ਬੰਦਿਆਂ ਨੂੰ ਮੋਹਰੀ ਬਣਾਓ, ਮੈਂ ਸਰਪੰਚ ਹੋਰਾਂ ਦੀ ਗੱਲ ਨਹੀਂ ਕਰਦਾ।

ਦੀਪ : ਸਰਪੰਚ ਸਾਹਿਬ, ਮੈਂ ਤੁਹਾਡੀ ਕਹੀ ਗੱਲ ਦਾ ਧਿਆਨ ਰਖਾਂਗਾ। ਹੁਣ ਤਾਂ ਮੈਂ ਕਿਧਰੇ ਜਾਣਾ ਏ।

*(ਜਾਂਦਾ ਹੈ)*

*(ਭਾਬੀ ਚਾਹ ਲਿਆਉਂਦੀ ਏ)*

ਬਾਬਾ : ਲਓ ਚਾਹ ਆ ਗਈ, ਸਰਪੰਚ ਸਾਹਿਬ ਵੀ ਪੀ ਲੈਣਗੇ।

ਸਰਪੰਚ : (ਭਾਬੀ ਨੂੰ) ਭਾਬੀ ਦੀਪੇ ਵਿਚ ਬਹੁਤੀਆਂ ਗੱਲਾਂ ਆਪਣੇ ਬਾਪੂ

ਵਾਂਗ ਨੇ – ਉਹ ਵੀ ਗੱਲਾਂ ਦਾ ਨਿਚੋੜ ਕੱਢਦਾ ਸੀ – (ਚਾਹ ਦਾ ਘੁੱਟ ਭਰਦੇ ਹੋਏ ਤੇ ਨਾਲ ਹੀ ਗੱਲ ਦਾ ਰੌਅ ਬਦਲਦੇ ਹੋਏ) ਉਂਝ ਇਹਨੂੰ ਸਮਝਾ ਲੈ, ਇਹਦਾ ਉਠਣਾ ਬੈਠਣਾ ਕੁਝ ਖਤਰਨਾਕ ਬੰਦਿਆਂ ਨਾਲ ਏ, ਕਲ੍ਹ ਚੌਕੀ ਦਾ ਥਾਣੇਦਾਰ ਵੀ ਗੱਲ ਕਰਦਾ ਸੀ।

ਬਾਬਾ : ਕਰਦਾ ਹੋਣੈ, ਹੋਰ ਥਾਣੇਦਾਰ ਨੇ ਜੀਤੇ ਸਮਗਲਰ ਦੀ ਗੱਲ ਥੋੜੇ ਕਰਨੀ ਏ ?

ਮਾਂ : ਕੀ ਕਹਿੰਦਾ ਸੀ ਥਾਣੇਦਾਰ ? ਦੀਪੇ ਨੇ ਕੀ ਕੀਤੈ ?

ਸਰਪੰਚ : ਬੰਗਾਲ ਦੀ ਨਕਸਲਬਾੜੀ ਲਹਿਰ ਇਥੇ ਵੀ ਪੁੱਜ ਗਈ ਏ। ਨਕਸਲਬਾੜੀਆਂ ਨੇ ਕੋਈ ਖੁਫੀਆ ਜਥੇਬੰਦੀ ਬਣਾ ਲਈ ਏ।ਤੇ...

ਮਾਂ : ਤੇ ਕੀ ? ਖੁਫੀਆ ਜਥੇਬੰਦੀ ਕਿਸ ਲਈ ਬਣਾ ਲਈ ਏ ?

ਸਰਪੰਚ : ਅਖੇ ਇਨਕਲਾਬ ਦਾ ਸੁਨੇਹਾ ਘਰ-ਘਰ ਪੁਚਾਉਣਾ ਏ। ਤਾਕਤ ਹਮੇਸ਼ਾਂ ਬੰਦੂਕ ਦੀ ਨਾਲੀ ਤੋਂ ਨਿਕਲਦੀ ਏ – ਥਾਣੇਦਾਰ ਨੂੰ ਸ਼ੱਕ ਏ ਕਿ ਦੀਪਾ ਉਹਨਾਂ ਵਿਚ ਸ਼ਾਮਲ ਏ –
(ਚਾਹ ਮੁਕਾ ਕੇ ਉਠਦਾ ਹੋਇਆ) ਬਸ ਮੈਂ ਤਾਂ ਇਹੀ ਸੁਨੇਹਾ ਦੇਣਾ ਸੀ ਕਿ ਦੀਪੇ ਨੂੰ ਖ਼ਬਰਦਾਰ ਕਰ ਦੇ – ਇਹ ਨਾ ਹੋਵੇ ਕਿ ਐਵੇਂ ਨੁਕਸਾਨ ਹੋ ਜਾਏ।

*(ਚਲਾ ਜਾਂਦਾ ਹੈ)*

ਮਾਂ : (ਦੁਹਰਾਉਂਦੇ ਹੋਏ) ਤਾਕਤ ਹਮੇਸ਼ਾਂ ਬੰਦੂਕ ਦੀ ਨਾਲੀ ਤੋਂ ਨਿਕਲਦੀ ਏ, ਤੁਸੀਂ ਸੁਣਿਐ ਬਾਬਾ ਜੀ ?

ਬਾਬਾ : ਹਾਂ ਸੁਣਿਐ ਤੇ ਇਸਤੋਂ ਅਗੇ ਵੀ ਮੈਨੂੰ ਬਹੁਤ ਪਤਾ ਏ – ਤਾਕਤ ਹਮੇਸ਼ਾਂ ਬੰਦੂਕ ਦੀ ਲਾਲੀ ਤੋਂ ਨਿਕਲਦੀ ਏ – ਹਥਿਆਰਬੰਦ ਇਨਕਲਾਬ ਹੀ ਇਨਕਲਾਬ ਦਾ ਇਕੋ ਇਕ ਰਾਹ ਏ – ਦੁਸ਼ਮਣ ਕਦੀ ਮਰਜ਼ੀ ਨਾਲ ਰਾਜ ਸੱਤਾ ਨਹੀਂ ਛੱਡਦਾ।

ਮਾਂ : ਤੁਹਾਨੂੰ ਇਹ ਸਾਰੀਆਂ ਗੱਲਾਂ ਕਿਸ ਤਰ੍ਹਾਂ ਪਤਾ ਨੇ ?

ਬਾਬਾ : ਜਿਥੇ ਦੀਪਾ ਬੈਠਦਾ ਏ, ਉਥੇ ਮੈਂ ਵੀ ਬੈਠਦਾ ਹਾਂ, ਭਾਵੇਂ ਮੇਰੀ ਉਮਰ ਦੇ ਕੁਝ ਸਾਲ ਬਾਕੀ ਨੇ, ਤੇ ਉਹਦੇ 50 ਸਾਲ ਬਾਕੀ ਨੇ, ਸੱਚੀਂ ਇਕ ਵਾਰ ਇਨਕਕਾਬ ਆ ਜਾਏ ਤਾਂ ਸੁਆਦ ਆ ਜਾਏ – ਉਤੇ ਵਾਲੇ ਥੱਲੇ ਹੋ ਜਾਣ ਤੇ ਥੱਲੇ ਵਾਲੇ ਉਤੇ ਹੋ ਜਾਣ, ਮੈਂ ਗੱਲ ਸਰਪੰਚ ਦੀ ਕਰ ਰਿਹਾ ਹਾਂ, ਚਲਾ ਗਿਆ, ਮੈਂ ਏਨੀਆਂ ਗੱਲਾਂ ਕਹੀਆਂ, ਬੋਲਿਆ ਨਹੀਂ।

ਮਾਂ : ਬੋਲਦਾ ਕਿਸ ਤਰ੍ਹਾਂ ? ਭਲਾ ਕਾਣਾ ਬੰਦਾ ਬੋਲ ਸਕਦੈ ?

ਬਾਬਾ : ਇਨਕਲਾਬ ਆਵੇ ਤਾਂ ਘੱਟੋ ਘੱਟ ਵਿਹਲੜ ਤਾਂ ਮੌਜਾਂ ਨਾ ਕਰਨ – ਬਾਕੀ ਧੀਏ ਮੁੰਡੇ ਜਿਹੜਾ ਇਕੱਠੇ ਹੋਣਾ ਸ਼ੁਰੂ ਹੋ ਗਏ ਨੇ ਕੁਝ ਨਾ ਕੁਝ ਹੋਕੇ ਹੀ ਰਹੇਗਾ – (ਚਾਹ ਮੁਕਾਉਂਦੇ ਹੋਏ) ਜਦੋਂ ਦੀਪੇ ਦੇ ਬਾਪੂ ਨੇ ਅਜ਼ਾਦੀ ਦਾ ਸੰਘਰਸ਼ ਸ਼ੁਰੂ ਕੀਤਾ ਸੀ ਤਾਂ ਪਹਿਲੇ ਪਹਿਲ ਲਗਦਾ ਸੀ ਕਿ ਆਜ਼ਾਦੀ ਕੋਈ ਸੌਖੀ ਗੱਲ ਨਹੀਂ, ਅੰਗਰੇਜ਼ ਕਿਉਂ ਰਾਜ ਛੱਡੇਗਾ। ਪਰ ਅੰਗਰੇਜ਼ਾਂ ਨੂੰ ਛੱਡਣਾ ਪਿਆ – ਇਹ ਮੁੰਡੇ ਵੀ ਕਾਮਯਾਬ ਹੋਣਗੇ। ਜ਼ਰੂਰ ਕਾਮਯਾਬ ਹੋਣਗੇ।

*(ਹੌਲੇ ਹੌਲੇ ਫੇਡ ਆਊਟ।)*

## ਸੀਨ 2

(ਥਾਣੇ ਦਾ ਸੀਨ)

(ਥਾਣੇਦਾਰ ਕਿਸੇ ਉਤਲੇ ਅਫਸਰ ਨਾਲ ਫੋਨ 'ਤੇ ਗੱਲ ਕਰ ਰਿਹਾ ਹੈ।)

ਹਾਂ ਜਨਾਬ, ਉਹ ਕਾਗਜ ਮੈਂ ਦੇਖ ਲਏ ਹਨ... ਦੀਪ ਸਿੰਘ ਦਾ ਪਿੰਡ ਮੇਰੀ ਚੌਕੀ ਵਿਚ ਹੀ ਪੈਂਦਾ ਹੈ – ਜਨਾਬ ਉਹ ਇਕ ਫਰੀਡਮ ਫਾਈਟਰ ਦਾ ਪੁੱਤਰ ਏ... ਹੁਣ ਉਹਦੇ ਘਰ ਉਹਦੀ ਮਾਂ ਤੋਂ ਸਿਵਾ ਹੋਰ ਕੋਈ ਨਹੀਂ... ਪਿੰਡ ਦੇ ਸਰਪੰਚ ਨੇ ਵੀ ਸ਼ਕਾਇਤ ਕੀਤੀ ਏ, ਉਹ ਪਿੰਡ ਦੇ ਨੌਜਵਾਨਾਂ ਨੂੰ ਜਥੇਬੰਦ ਕਰ ਰਿਹਾ ਏ – ਕੀ ਕਿਹਾ ਦੀਪ ਸਿੰਘ ਬਾਰੇ ਸ਼ੱਕ ਏ ਕਿ ਉਹ ਇਲਾਕੇ ਵਿਚ ਨਕਸਲਬਾੜੀਆਂ ਦੀ ਜਥੇਬੰਦੀ ਦਾ ਕਾਰਕੁੰਨ ਏ। ਇਹ ਸ਼ੱਕ ਠੀਕ ਹੋ ਸਕਦੈ, ਜਨਾਬ ਮੈਂ ਉਹਦੀ ਮਾਂ ਨੂੰ ਥਾਣੇ ਬੁਲਾ ਭੇਜਿਆ... ਉਹਦੀ ਪੈਨਸ਼ਨ ਦੇ ਕੁਝ ਕਾਗਜ਼ਾਂ ਦੀ ਤਸਦੀਕ ਕਰਨੀ ਏ, ਜਨਾਬ ਮੈਂ ਗੱਲ ਕਰਾਂਗਾ ਤੇ ਫੇਰ ਤੁਹਾਨੂੰ ਇਤਲਾਹ ਦੇਵਾਂਗਾ – ਜੈ ਹਿੰਦ ਜਨਾਬ।

*(ਥਾਣੇਦਾਰ ਫੋਨ ਰਖਦਾ ਹੈ। ਕੁਝ ਕਾਗਜ਼ ਫਰੋਲਦਾ ਹੈ, ਦੀਪ ਦੀ ਮਾਂ ਆਉਂਦੀ ਹੈ।)*

ਮਾਂ : ਸਤਿ ਸ੍ਰੀ ਅਕਾਲ ਥਾਣੇਦਾਰ ਸਾਹਿਬ।

ਥਾਣੇਦਾਰ : ਸਤਿ ਸ੍ਰੀ ਅਕਾਲ ਬੀਬੀ ਮੈਂ ਤੈਨੂੰ ਬੁਲਾ ਭੇਜਿਆ ਸੀ। ਤੇਰੇ ਫਰੀਡਮ ਫਾਈਟਰ ਦੀ ਵਿਧਵਾ ਹੋਣ ਦੇ ਨਾਤੇ ਪੈਨਸ਼ਨ ਦੇ ਕੁਝ ਕਾਗਜ਼ ਤਸਦੀਕ ਲਈ ਆਏ ਨੇ। ਮੈਂ ਆਪ ਹੀ ਆ ਜਾਂਦਾ ਪਰ ਤੇਰੇ ਨਾਲ ਹੋਰ ਵੀ ਗੱਲ ਕਰਨੀ ਏ।

ਮਾਂ : ਮੈਨੂੰ ਪਤਾ ਏ ਕਿ ਤੁਸੀਂ ਕੀ ਗੱਲ ਕਰਨੀ ਏ ਸਰਪੰਚ ਹੋਰਾਂ ਨੇ ਉਹਦੇ ਬਾਰੇ ਇਸ਼ਾਰਾ ਕੀਤਾ ਸੀ। ਚੰਗਾ ਹੁੰਦਾ ਮੈਨੂੰ ਬੁਲਾਉਣ ਦੀ ਥਾਂ ਤੁਸੀਂ

ਦੀਪ ਨਾਲ ਹੀ ਸਿੱਧੀ ਗੱਲ ਕਰਦੇ।

ਥਾਣੇਦਾਰ : ਬੀਬੀ ਉਹਦੇ ਨਾਲ ਵੀ ਕਰਾਂਗੇ, ਪਰ ਤੇਰੇ ਨਾਲ ਕਰਨੀ ਵੀ ਜ਼ਰੂਰੀ ਸੀ।

ਮਾਂ : ਇਹੋ ਹੀ ਗੱਲ ਕਰਨਾ ਚਾਹੁੰਦੇ ਹੋ ਨਾ ਕਿ ਮੇਰਾ ਪੁੱਤਰ ਦੀਪ ਸਿੰਘ, ਨਕਸਲਬਾੜੀਆਂ ਨਾਲ ਉੱਠਦਾ ਬੈਠਦਾ ਹੈ। ਇਨਕਲਾਬ ਦੀ ਗੱਲ ਕਰਦਾ ਏ।

ਥਾਣੇਦਾਰ : ਉੱਠੇ ਬੈਠੇ ਸਾਨੂੰ ਇਤਰਾਜ਼ ਨਹੀਂ, ਇਨਕਲਾਬ ਦੀ ਗੱਲ ਕਰੇ, ਸਾਨੂੰ ਕੋਈ ਇਤਰਾਜ਼ ਨਹੀਂ ਪਰ ਉਹ ਇਸ ਤੋਂ ਅਗੇ ਹੀ ਕੁਝ ਕਰ ਰਿਹੈ, ਕੀ ਉਹ ਹਰ ਰਾਤ ਘਰ ਆਉਂਦਾ ਹੈ ?

ਮਾਂ : ਤਕਰੀਬਨ ਆ ਹੀ ਜਾਂਦਾ ਹੈ, ਪਰ ਕਦੀ ਕਦੀ ਦੋਸਤਾਂ ਨੂੰ ਮਿਲਣ ਗਿਆ, ਉਹਨਾਂ ਕੋਲ ਹੀ ਟਿੱਕ ਜਾਂਦਾ ਏ।

ਥਾਣੇਦਾਰ : ਕਿਹੜੇ ਨੇ ਉਹਦੇ ਦੋਸਤ ? ਤੈਨੂੰ ਉਹਨਾਂ ਦੇ ਨਾਂ ਪਤੇ ਪਤਾ ਨੇ ?

ਮਾਂ : ਬਹੁਤ ਸਾਰੇ ਦੋਸਤ ਨੇ ਉਹਦੇ, ਕਾਲਜ ਵਿਚ ਪੜ੍ਹਦਾ ਰਿਹਾ ਏ, ਕੁਝ ਦਾ ਮੈਨੂੰ ਪਤਾ ਏ, ਪਰ ਤੁਸੀਂ ਇਹ ਸਾਰਾ ਕੁਝ ਕਿਉਂ ਪੁੱਛਦੇ ਹੋ?

ਥਾਣੇਦਾਰ : ਸਰਕਾਰ ਨੇ ਸਾਨੂੰ ਇਹ ਖਾਕੀ ਵਰਦੀ ਦਿੱਤੀ ਏ ਕਿ ਅਸੀਂ ਇਲਾਕੇ ਵਿਚ ਸਾਰੀ ਗੱਲ ਦੀ ਖ਼ਬਰ ਰੱਖੀਏ।

ਮਾਂ : ਫੇਰ ਖ਼ਬਰ ਰੱਖੋ। ਉਂਝ ਮੇਰਾ ਵਾਹ ਖਾਕੀ ਵਰਦੀ ਨਾਲ ਪਹਿਲੀ ਵਾਰ ਨਹੀਂ ਪਿਆ। ਜਦੋਂ ਦੀਪੇ ਦਾ ਬਾਪੂ ਅੰਗਰੇਜ਼ਾਂ ਵਿਰੁੱਧ ਅਜ਼ਾਦੀ ਦੀ ਲੜਾਈ ਲੜ ਰਿਹਾ ਸੀ, ਉਦੋਂ ਵੀ ਮੇਰਾ ਵਾਹ ਇਸ ਵਰਦੀ ਨਾਲ ਪੈਂਦਾ ਰਿਹਾ ਏ... ਗੁੱਸਾ ਨਾ ਕਰਨਾ ਜੇ ਮੈਂ ਇਹ ਕਹਾਂ ਕਿ ਇਹ ਖਾਕੀ ਵਰਦੀ ਹਮੇਸ਼ਾਂ ਉਹਨਾਂ ਉਤੇ ਹੀ ਕਿਉਂ ਨਜ਼ਰ ਰਖਦੀ ਏ, ਜਿਹੜੇ ਕੋਈ ਚੰਗਾ ਕੰਮ ਕਰਦੇ ਨੇ, ਇਸ ਧਰਤੀ 'ਤੇ ਜੋ ਅਨਿਆ ਉਹਨੂੰ ਦੂਰ ਕਰਨਾ ਚਾਹੁੰਦੇ ਨੇ – ਇਹ ਵਰਦੀ ਚੋਰਾਂ ਡਾਕੂਆਂ ਉਤੇ ਕਿਉਂ ਨਹੀਂ ਨਜ਼ਰ ਰੱਖਦੀ ?

ਥਾਣੇਦਾਰ : ਚੋਰਾਂ ਡਾਕੂਆਂ ਉਤੇ ਕਿਉਂ ਨਹੀਂ ਰੱਖਦੀ ? ਰੱਖਦੀ ਏ।

ਮਾਂ : ਰਵਾਇਤੀ ਚੋਰਾਂ ਡਾਕੂਆਂ 'ਤੇ ਹੀ ਰਖਦੀ ਏ ਜਿਹੜੇ ਕੁਰਸੀ 'ਤੇ ਬੈਠਕੇ ਚੋਰਾਂ ਡਾਕੂਆਂ ਵਾਂਗ ਸਾਰੇ ਦੇਸ਼ ਨੂੰ ਲੁੱਟਕੇ ਖਾ ਗਏ ਨੇ ਉਹਨਾਂ ਉਤੇ ਕਿਉਂ ਨਹੀਂ ਰੱਖਦੀ।

ਥਾਣੇਦਾਰ : ਇਹ ਸਾਡਾ ਕਸੂਰ ਨਹੀਂ, ਸਗੋਂ ਉਹਨਾਂ ਦਾ ਏ ਜੋ ਉਹਨਾਂ ਨੂੰ ਕੁਰਸੀ 'ਤੇ ਬਿਠਾਉਂਦੇ ਨੇ।

ਮਾਂ : ਤੁਸੀਂ ਮੈਨੂੰ ਬੁਲਾਇਆ, ਮੈਂ ਆ ਗਈ ਹਾਂ, ਜਿਹੜੇ ਕਾਗਜ਼

ਤਸਦੀਕ ਕਰਨੇ ਨੇ ਉਹ ਵੀ ਕਰਾ ਲਵੋ ਪਰ ਜੇ ਤੁਸੀਂ ਮੇਰੇ ਕੋਲੋਂ ਇਸ ਗੱਲ ਦੀ ਉਮੀਦ ਰਖੋ ਕਿ ਮੈਂ ਆਪਣੇ ਪੁੱਤਰ ਨੂੰ ਕਿਸੇ ਸੰਘਰਸ਼ ਤੋਂ ਵਰਜਾਂ, ਤਾਂ ਮੇਰਾ ਦੋ ਟੁੱਕ ਜਵਾਬ ਏ ਕਿ ਮੈਂ ਇਸ ਤਰ੍ਹਾਂ ਨਹੀਂ ਕਰ ਸਕਦੀ।

ਠਾਣੇਦਾਰ : ਹਥਿਆਰਾਂ ਵਾਲੀ ਗੱਲ ਨੇ ਮੂਡ ਖਰਾਬ ਕਰ ਦਿੱਤਾ ਏ, ਅਗੇ ਪਿੰਡ ਵਿਚ ਉਹ ਮੇਰੇ ਖਿਲਾਫ ਬੜੀਆਂ ਗੱਲਾਂ ਕਰਦਾ ਏ ਕਿ ਸਰਪੰਚ ਦੀ ਸ਼ਹਿਰ ਵਿਚ ਕੋਠੀ ਕਿਸ ਤਰ੍ਹਾਂ ਬਣੀ, ਇਹਦਾ ਇਕ ਵਾਰੀ ਸਰਪੰਚ ਨੂੰ ਜਵਾਬ ਦੇਣਾ ਪਵੇਗਾ।

ਥਾਣੇਦਾਰ : ਤੁਸੀਂ ਸਰਪੰਚ ਸਾਹਿਬ ਕਿਉਂ ਫਿਕਰ ਕਰਦੇ ਹੋ, ਸਾਡੇ ਹੁੰਦਿਆਂ ਕਿਸਦੀ ਮਜਾਲ ਏ ਕਿ ਤੁਹਾਡਾ ਵਾਲ ਵਿੰਗਾ ਕਰ ਜਾਵੇ, ਅਸੀਂ ਕਿਸ ਲਈ ਬੈਠੇ ਹਾਂ – ਹਾਂ ਤੇ ਤੁਹਾਡੇ ਕਹਿਣ 'ਤੇ ਮੈਂ ਬਾਬਾ ਜਵਾਲਾ ਸਿੰਘ ਨੂੰ ਵੀ ਬੁਲਾ ਭੇਜਿਆ ਏ, ਕਿਸੇ ਵੇਲੇ ਵੀ ਉਹ ਆ ਸਕਦੇ ਨੇ।

ਸਰਪੰਚ : ਫੇਰ, ਮੈਂ ਚਲਦਾ ਹਾਂ।

ਥਾਣੇਦਾਰ : ਕਿਉਂ ?

ਸਰਪੰਚ : ਉਹ ਬੜਾ ਮੂੰਹਫੱਟ ਬੰਦਾ ਏ – ਬਸ ਗੱਲਾਂ ਗੱਲਾਂ ਵਿਚ ਅਗਲੇ ਦੀ ਲਾਹਕੇ ਰੱਖ ਦੇਂਦਾ ਏ।

ਬਾਬਾ : ਲੈ – ਸਰਪੰਚ ਸਾਹਿਬ ਨੇ ਇਥੇ ਗ੍ਰਹਿ ਪਰਵੇਸ਼ ਕੀਤਾ ਹੋਇਆ ਏ। ਕਾਰਡ ਉਤੇ ਤਾਂ ਸ਼ਹਿਰ ਵਾਲੀ ਕੋਠੀ ਲਿਖਿਆ ਹੋਇਆ ਸੀ – ਵੈਸੇ ਵੀ ਸਰਪੰਚ ਸਾਹਿਬ ਦਾ ਪਿੰਡ ਵਿਚ ਰਹਿਣਾ ਹੁਣ ਮੁਸ਼ਕਿਲ ਹੋ ਜਾਣਾ ਏ, ਇਹਨਾਂ ਦਾ ਡੇਰਾ ਜਾ ਤਾਂ ਸ਼ਹਿਰ ਵਾਲੀ ਕੋਠੀ ਹੋਵੇਗਾ ਜਾਂ ਠਾਣੇ ਵਿਚ... ਹਾਂ ਤੇ ਥਾਣੇਦਾਰ ਸਾਹਿਬ ਤੁਸੀਂ ਬੁਲਾ ਭੇਜਿਆ ਸੀ, ਕੀ ਗੱਲ ਏ ?

ਥਾਣੇਦਾਰ : ਤੁਹਾਡਾ ਨਾਲ ਕੰਮ ਸੀ।

ਬਾਬਾ : ਹੁਕਮ ਕਰੋ।

*(ਸਰਪੰਚ ਉਠਦਾ ਹੈ।)*

ਸਰਪੰਚ : ਅੱਛਾ ਥਾਣੇਦਾਰ ਸਾਹਿਬ, ਤੁਸੀਂ ਗੱਲ ਕਰੋ ਮੈਂ ਚਲਦਾ ਹਾਂ।

ਬਾਬਾ : ਚਲਦੇ ਕਿਉਂ ਹੋ ? ਥਾਣੇਦਾਰ ਸਾਹਿਬ ਨੇ ਮੇਰੇ ਨਾਲ ਜੋ ਵੀ ਗੱਲ ਕਰਨੀ ਏ ਉਹ ਤੁਹਾਨੂੰ ਪਤਾ ਹੀ ਹੋਣੀ ਏ, ਸਰਪੰਚੀ ਤੋਂ ਹੁਣ ਤੁਸੀਂ ਮੁਖਬਰੀ ਵਾਲਾ ਕੰਮ ਵੀ ਤਾਂ ਸ਼ੁਰੂ ਕਰ ਲਿਆ ਏ।

ਸਰਪੰਚ : ਤੁਸੀਂ ਮੇਰੀ ਬੇਇੱਜ਼ਤੀ ਕਰ ਰਹੇ ਹੋ।

ਬਾਬਾ : ਬੇਇੱਜ਼ਤੀ ਉਹਦੀ ਹੁੰਦੀ ਏ ਜਿੰਦੀ ਕੋਈ ਇੱਜ਼ਤ ਹੋਵੇ।

ਸਰਪੰਚ : (ਜਾਂਦਾ ਹੋਇਆ) ਵੇਖ ਲਵਾਂਗਾ ਤੁਹਾਨੂੰ ਵੀ ਇਕ ਦਿਨ।

ਬਾਬਾ : ਵੇਖ ਲਵੀਂ, ਸਾਡੀ ਕਿਹੜਾ ਸ਼ਹਿਰ ਕੋਈ ਕੋਠੀ ਬਣੀ ਏ, ਜਿਹੜੀ ਢਹਿ ਜਾਏਗੀ (ਸਰਪੰਚ ਬਾਹਰ ਚਲਾ ਜਾਂਦਾ ਹੈ, ਬਾਬਾ ਪਿਛੋਂ ਟਿੱਪਣੀ ਕਰਦਾ ਹੈ) ਬੰਦਾ ਜਦੋਂ ਡਿੱਗਣ 'ਤੇ ਆਂਏ ਤਾਂ ਕਿਥੇ ਡਿਗਦਾ ਏ। ਪਹਿਲੇ ਫਰੀਡਮ ਫਾਈਟਰ, ਫੇਰ ਸਮੇਂ ਦੀ ਸਰਕਾਰ ਦਾ ਚਮਚਾ, ਫੇਰ ਟਾਊਟ ਤੇ ਹੁਣ ਮੁਖਬਰ - ਅੱਛਾ ਥਾਣੇਦਾਰ ਸਾਹਿਬ, ਹੁਕਮ ਕਰੋ ਕਿਉਂ ਬੁਲਾ ਭੇਜਿਆ ?

ਥਾਣੇਦਾਰ : ਤੁਹਾਡੇ ਨਾਲ ਇਕ ਗੱਲ ਕਰਨੀ ਏ, ਪਰ ਸ਼ਰਤ ਇਹ ਏ ਕਿ ਤੁਸੀਂ ਇਸਨੂੰ ਸੰਜੀਦਗੀ ਨਾਲ ਲਵੋਗੇ – ਐਵੇਂ ਸ਼ੁਗਲ ਨਹੀਂ ਸਮਝੋਗੇ।

ਬਾਬਾ : ਸ਼ੁਗਲ ਤਾਂ ਥਾਣੇਦਾਰ ਸਾਹਿਬ, ਇਸ ਸਰਕਾਰ ਨਾਲ ਕਰੀਦੈ, ਪਰ ਹੈ ਬੜਾ ਢੀਠ ਬੰਦਾ ਏ, ਭਾਵੇਂ ਇਹ ਸੱਚ ਏ ਕਿ ਬੰਦਾ ਢੀਠ ਹੋਵੇ, ਤਾਂ ਹੀ ਅੱਜ ਦੇ ਸਮੇਂ ਤਰੱਕੀ ਕਰ ਸਕਦੈ। ਹੁਣ ਇਹਨੂੰ ਦੇਖ ਲਵੋ। ਇਹ ਦੀਪ ਸਿੰਘ ਦੀ ਮੁਖਬਰੀ ਕਰਦਾ ਏ, ਉਹ ਦੀਪ ਸਿੰਘ ਜਿਹੜਾ ਇਹਦੇ ਪੁਰਾਣੇ ਸਾਥੀ ਦਾ ਮੁੰਡਾ ਏ – ਇਕੱਠੇ ਮੋਰਚੇ 'ਤੇ ਗਏ, ਲਾਠੀਆਂ ਖਾਧੀਆਂ, ਭਾਵੇਂ ਮੈਨੂੰ ਹੁਣ ਸ਼ੱਕ ਹੋ ਗਿਆ ਕਿ ਇਹਨੇ ਕਦੇ ਕੋਈ ਲਾਠੀ ਖਾਧੀ ਵੀ ਕਿ ਨਹੀਂ, ਐਵੇਂ ਪਿੰਡ ਪੱਟੀਆਂ ਬੰਨਕੇ ਆ ਜਾਂਦਾ ਹੋਣੈ।

ਥਾਣੇਦਾਰ : ਤੁਹਾਨੂੰ ਸ਼ੱਕ ਕਿਉਂ ਏ ?

ਬਾਬਾ : ਜੀਹਦੇ ਵਿਚ ਕਦੀ ਵੀ ਦੇਸ ਭਗਤੀ ਦਾ ਜਜ਼ਬਾ ਰਿਹਾ ਹੋਵੇ ਉਹ ਮੁਖਬਰੀ ਵਰਗੇ ਨੀਚ ਕੰਮ ਨਹੀਂ ਕਰ ਸਕਦੈ – ਸੁਣਿਆ ਕਰਦੇ ਸਾਂ ਕਿ ਇਹਨੇ ਜੇਲ੍ਹ ਵਿਚ ਦੀਪ ਦੇ ਬਾਪੂ ਨਾਲ ਲੰਮੀ ਭੁੱਖ ਹੜਤਾਲ ਵੀ ਰਖੀ, ਪਰ ਹੁਣ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਰਾਤੀਂ ਜ਼ਰੂਰ ਰੋਟੀ ਖਾ ਲੈਂਦਾ ਹੋਣਾ ਏ।

ਥਾਣੇਦਾਰ : ਮੈਂ ਤੁਹਾਨੂੰ ਦੀਪ ਸਿੰਘ ਬਾਰੇ ਹੀ ਬੁਲਾਇਆ ਏ, ਮੈਨੂੰ ਉਹੋ ਇਤਲਾਹ ਮਿਲੀ ਏ ਕਿ ਹੁਣ ਉਹ ਨਕਸਲਬਾੜੀਆਂ ਦੀ ਉੱਤਲੀ ਕਮੇਟੀ ਦਾ ਮੈਂਬਰ ਬਣ ਗਿਆ ਏ, ਉਹਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਹੋ ਚੁੱਕੇ ਹਨ ਤੇ ਕਿਸੇ ਵੇਲੇ ਵੀ ਉਹਨੂੰ ਗ੍ਰਿਫ਼ਤਾਰ ਕੀਤਾ ਜਾ ਸਕਦੈ ਜਾਂ

ਬਾਬਾ : ਜਾਂ ਕੀ ? ਅਗੋਂ ਵੀ ਬੋਲ ਦਿਓ

ਥਾਣੇਦਾਰ : ਅਗੋਂ ਤੁਸੀਂ ਸਮਝਦੇ ਹੀ ਹੋ ... ਵੈਸੇ ਤੂੰ ਦਸ ਸਕਦੈਂ ਕਿ ਉਹਨੇ ਇਹ ਰਾਹ ਕਿਉਂ ਅਪਣਾ ਲਿਆ ਏ, ਜੀਹਦੇ ਵਿਚ ਹਰ ਵੇਲੇ ਜਾਨ ਦਾ ਖਤਰਾ ਏ।

ਬਾਬਾ : ਤੁਸੀਂ ਇਹ ਸੱਚੀ ਮੁੱਚੀਂ ਪੁੱਛ ਰਹੇ ਹੋ ਕਿ ਇਹ ਆਪਣੀ ਪਾਈ ਹੋਈ

ਵਰਦੀ ਦਾ ਫਰਜ਼ ਹੀ ਨਿਭਾ ਰਹੇ ਹੋ ?

ਥਾਣੇਦਾਰ : ਸੱਚੀਂ ਮੁੱਚੀਂ ਪੁੱਛ ਰਿਹਾ ਹਾਂ – ਮੈਂ ਉਹਦਾ ਰੀਕਾਰਡ ਪੜ੍ਹ ਰਿਹਾ ਸਾਂ, ਕਾਲਜ ਵਿਚ ਪੜ੍ਹਦੇ ਨੇ ਹਮੇਸ਼ਾਂ ਚੰਗੇ ਨੰਬਰ ਲਏ, ਗੁੰਡਿਆਂ ਦੀ ਢਾਣੀ ਨਾਲ ਟੱਕਰ ਲੈਂਦਿਆਂ ਇਕ ਵਾਰੀ ਬੁਰੀ ਤਰ੍ਹਾਂ ਫੱਟੜ ਹੋਇਆ, ਕਿੰਨੇ ਦਿਨ ਹਸਪਤਾਲ ਰਿਹਾ।

ਬਾਬਾ : ਹਾਂ ਥਾਣੇਦਾਰ ਸਾਹਿਬ, ਹਸਪਤਾਲ ਵਿਚ ਉਹ ਜ਼ਿੰਦਗੀ ਤੇ ਮੌਤ ਦਰਮਿਆਨ ਸੰਘਰਸ਼ ਕਰਦਾ ਰਿਹਾ ਸੀ, ਉਹਦੀ ਮਾਂ ਦੀ ਜੋ ਹਾਲਤ ਹੋਈ ਉਹ ਮੈਨੂੰ ਹੀ ਪਤਾ ਏ।

ਥਾਣੇਦਾਰ : ਰੀਕਾਰਡ ਵਿਚ ਇਹ ਵੀ ਦਰਜ ਏ ਕਿ ਉਹ ਬਾਅਦ ਵਿਚ ਵਿਦਿਆਰਥੀਆਂ ਦਾ ਆਗੂ ਬਣਿਆ। ਪਿੰਡ ਵਿਚ ਉਹਨੇ ਨੌਜਵਾਨਾਂ ਨੂੰ ਜਥੇਬੰਦ ਕੀਤਾ, ਨੌਜਵਾਨਾਂ ਨੇ ਲਾਇਬਰੇਰੀ ਖੋਲ੍ਹੀ, ਖੇਡਾਂ ਕਰਵਾਈਆਂ ਤੇ ਫੇਰ ਹੌਲੇ ਹੌਲੇ ਉਹਨੇ ਖਤਰਨਾਕ ਰਾਹ ਅਪਣਾ ਲਿਆ ਤੇ ਹੁਣ...

ਬਾਬਾ : ਥਾਣੇਦਾਰ ਸਾਹਿਬ, ਇਹ ਰੀਕਾਰਡ ਵਿਚ ਸਭ ਕੁਝ ਸਹੀ ਦਰਜ ਏ।

ਥਾਣੇਦਾਰ : ਫੇਰ ਉਹਨੇ ਇਹ ਰਾਹ ਕਿਉਂ ਅਪਣਾਇਆ, ਇਹ ਤੁਸੀਂ ਦਸ ਸਕਦੇ ਹੋ?

ਬਾਬਾ : ਇਹਦਾ ਜਵਾਬ ਤਾਂ ਥਾਣੇਦਾਰ ਸਾਹਿਬ ਉਹੀ ਏ ਜੇ ਕੋਈ ਪੁਛੇ ਕਿ ਭਗਤ ਸਿੰਘ ਨੇ ਇਨਕਲਾਬ ਦਾ ਰਾਹ ਕਿਉਂ ਅਪਣਾਇਆ ਸੀ ?

ਥਾਣੇਦਾਰ : ਕਿਉਂ ਅਪਣਾਇਆ ਸੀ ?

ਬਾਬਾ : ਥਾਣੇਦਾਰ ਸਾਹਿਬ ਇਹ ਚੇਤਨਾ ਦੀ ਲਗਾਤਾਰਤਾ ਦਾ ਇਕ ਅਮਲ ਏ – ਪਹਿਲੇ ਪਹਿਲ ਇਕ ਬੰਦਾ ਇਹ ਮਹਿਸੂਸ ਕਰਦਾ ਹੈ ਕਿ ਜਿਸ ਵਰਤਾਰੇ ਵਿਚ ਉਹ ਜੀ ਰਿਹੈ ਹੈ ਉਹ ਅਣਖ ਵਾਲੇ ਬੰਦੇ ਦੇ ਜੀਣ ਦੇ ਕਾਬਿਲ ਨਹੀਂ, ਫੇਰ ਉਹ ਜਾਣਨਾ ਚਾਹੁੰਦਾ ਕਿ ਉਹ ਗਲਤ ਕਿਉਂ ਏ ? ਉਹ ਕਿਤਾਬਾਂ ਪੜ੍ਹਦਾ ਏ, ਘੋਖਦਾ ਏ, ਸਿਆਣੇ ਬੰਦਿਆਂ ਨਾਲ ਵਿਚਾਰ ਵਟਾਂਦਰਾ ਕਰਦਾ ਏ, ਪਤਾ ਲੱਗਣ ’ਤੇ ਫੇਰ ਉਹ ਸੰਘਰਸ਼ ਦੇ ਰਾਹ ’ਤੇ ਪੈਂਦਾ ਹੈ ਕਿ ਇਸ ਵਰਤਾਰੇ ਵਿਚ ਜੋ ਕੁਝ ਗਲਤ ਏ ਉਹਨੂੰ ਠੀਕ ਕਰੇ ਤੇ ਅਗਲਾ ਪੜਾਅ ਹੁੰਦਾ ਏ ਭਗਤ ਸਿੰਘ ਵਾਲਾ, ਜਦੋਂ ਬੰਦਾ ਸੀਸ ਤਲੀ ’ਤੇ ਰੱਖ ਲੈਂਦਾ ਏ – ਦੀਪ ਸਿੰਘ ਵਿਕਾਸ ਦੇ ਇਸੇ ਰਾਹ ’ਤੇ ਚਲਦਾ ਹੋਇਆ ਇਸ ਪੜ੍ਹਾਅ ’ਤੇ ਪੁੱਜਿਆ ਏ – ਇਹ ਸਭ ਕੁਝ ਤੁਹਾਡੇ ਰੀਕਾਰਡ ’ਤੇ ਨਹੀਂ ਹੋਣਾ, ਹੋ ਸਕੇ ਤਾਂ ਦਰਜ ਕਰ ਲਵੋ – ਉਂਝ ਤੁਸੀਂ ਸਭ ਕੁਝ

ਸੁਣਿਐ, ਇਹਦੇ ਲਈ ਤੁਹਾਡਾ ਸ਼ੁਕਰੀਆ, ਬਸ ਇਕੋ ਹੀ ਬੇਨਤੀ ਕਰਨੀ ਏ ਕਿ ਦੀਪ ਸਿੰਘ ਵਰਗੇ ਨੌਜਵਾਨ ਰੋਜ਼ ਰੋਜ਼ ਨਹੀਂ ਪੈਦਾ ਹੁੰਦੇ – ਕੋਈ ਵੀ ਕਾਰਵਾਈ ਕਰੋ, ਇਸਦਾ ਧਿਆਨ ਜ਼ਰੂਰ ਰੱਖਣਾ – ਕੀ ਹੁਣ ਮੈਂ ਜਾ ਸਕਦਾ ਹਾਂ ?

ਥਾਣੇਦਾਰ : (ਜਿਸ ਤਰ੍ਹਾਂ ਉਹ ਕਿਸੇ ਸੁਪਨੇ 'ਚੋਂ ਜਾਗਿਆ ਹੋਏ) ਹਾਂ ਜ਼ਰੂਰ, ਜੇ ਫੇਰ ਲੋੜ ਪਈ ਤਾਂ ਤੈਨੂੰ ਬੁਲਾ ਲਵਾਂਗਾ।

*(ਬਿਕਰ ਸਿੰਘ ਜਾਂਦਾ ਹੈ।)*

ਥਾਣੇਦਾਰ : (ਟਿਪਣੀ ਕਰਦੇ ਹੋਏ) ਕਿੰਨਾ ਖਰਾ ਬੰਦਾ ਏ – ਇਹ ਵੀ ਉਸੇ ਪਿੰਡ ਦਾ ਜੰਮਪਲ ਏ ਜੀਹਦਾ ਸਰਪੰਚ – ਬੰਦਾ ਜਦੋਂ ਜਮੀਰ ਵੇਚ ਦੇਵੇ ਤਾਂ ਸ਼ਹਿਰ ਕੋਠੀਆਂ ਬਣਾ ਲੈਂਦਾ ਏ ਤੇ ਜੇ ਜ਼ਮੀਰ ਦੀ ਗੱਲ ਕਰੇ ਤਾਂ ਬੱਚਿਆਂ ਵਿਚ ਹੀ ਸਾਰੀ ਉਮਰ ਗੁਜ਼ਾਰ ਦੇਂਦਾ ਏ।

*(ਫੇਡ ਆਊਟ)*

ਬਾਬਾ : (ਜਾਂਦੇ ਹੋਏ) ਥਾਣੇਦਾਰ ਸਾਹਿਬ ਇਕ ਗੱਲ ਹੋਰ, ਕੁਝ ਲੋਕਾਂ ਕੋਲ ਅੱਖਾਂ ਹੁੰਦੀਆਂ ਨੇ, ਪਰ ਉਹ ਵੇਖ ਨਹੀਂ ਸਕਦੇ, ਕੁਝ ਲੋਕ ਵੇਖ ਸਕਦੇ ਨੇ ਪਰ ਉਹ ਜਾਣ ਬੁੱਝਕੇ ਅੱਖਾਂ ਮੀਟ ਲੈਂਦੇ ਨੇ ਤੇ ਨਾ ਵੇਖਣ ਦਾ ਬਹਾਨਾ ਕਰਦੇ ਨੇ, ਦੀਪ ਸਿੰਘ ਕੋਲ ਅੱਖਾਂ ਵੀ ਨੇ, ਉਹਨੇ ਵੇਖਣਾ ਵੀ ਚਾਹਿਆ ਤੇ ਉਸ ਵੇਖਿਆ ਵੀ ਹੈ – ਅੱਛਾ ਸਤਿ ਸ੍ਰੀ ਅਕਾਲ

## ਸੀਨ ਤੀਸਰਾ

(ਰਾਤ ਦਾ ਹਨੇਰਾ ਹੈ, ਹੁਣ ਮਾਂ ਥੋੜੀ ਜਿਹੀ ਵੱਡੀ ਉਮਰ ਦੀ ਲੱਗਣ ਲਗ ਪਈ ਹੈ – ਮਾਂ ਬਸ ਉਦਾਸ ਬੈਠੀ ਹੈ ਦੀਪ ਕਾਲੀ ਚਾਦਰ ਦੀ ਬੁੱਕਲ ਮਾਰੀ, ਅੰਦਰ ਆਉਂਦਾ ਹੈ।)

ਦੀਪ : ਮਾਂ (ਆਕੇ ਉਹਦੇ ਪੈਰੀਂ ਪੈਂਦਾ ਹੈ)

ਮਾਂ : (ਪਿਆਰ ਨਾਲ ਉਠਾਉਂਦੇ ਹੋਏ) ਵੇ ਪੁੱਤਰ, ਤੂੰ ਏਨੇਂ ਦਿਨ ਕਿਥੇ ਚਲਾ ਗਿਆ ਸੀ, ਪੁਲਿਸ ਵਾਲੇ ਕਈ ਵਾਰ ਤੈਨੂੰ ਪੁੱਛਣ ਆਏ।

ਦੀਪ : ਮੈਨੂੰ ਪਤਾ ਏ ਮਾਂ, ਤਾਂਹੀਓ ਤਾਂ ਮਾਂ ਆਪਣੇ ਹੀ ਘਰ ਅੱਜ ਰਾਤ ਵੇਲੇ ਆਇਆ ਹਾਂ (ਆਲੇ ਦੁਆਲੇ ਵੇਖਦਾ ਹੋਇਆ) ਉਹ ਘਰ ਜਿਥੇ ਮੈਂ ਜੰਮਿਆਂ ਪਲਿਆਂ।

ਮਾਂ : ਮੈਨੂੰ ਕਈ ਵਾਰ ਝਉਲਾ ਪਿਆ ਕਿ ਤੂੰ ਆਇਆ ਏਂ ਤੇ ਇੰਝ ਹੀ ਲਗਿਆ ਜਿਸ ਤਰ੍ਹਾਂ ਤੂੰ ਸਕੂਲੋਂ ਆਉਂਦਾ ਹੁੰਦਾ ਸੀ, ਗਲ ਵਿਚ ਬਸਤਾ ਲਮਕਾਈ ਸਾਥੀਆਂ ਦੇ ਅਗੇ ਅਗੇ ਠੁੰਮਕ ਠੁੰਮਕ ਤੁਰਦਾ

ਤੇ ਮੈਂ ਤੈਨੂੰ ਰੋਟੀ ਦੇਂਦੀ।

ਦੀਪ : ਮਾਂ ਹੁਣ ਵੀ ਮੈਨੂੰ ਰੋਟੀ ਦੇ ਬੜੀ ਭੁੱਖ ਲਗੀ ਏ ਤੇਰੇ ਹੱਥ ਦੀ ਪੱਕੀ ਹੋਈ ਰੋਟੀ ਖਾਧਿਆਂ ਕਿੰਨਾ ਚਿਰ ਹੋ ਗਿਆ ਏ।

ਮਾਂ : ਮੈਂ ਹੁਣੇ ਲਿਆ ਦਿਨੀਂ ਹਾਂ, ਮੈਂ ਪਕਾ ਕੇ ਰੱਖੀ ਏ।

ਦੀਪ : ਤੈਨੂੰ ਪਤਾ ਸੀ, ਮੈਂ ਆਉਣਾ ਏ?

ਮਾਂ : ਮੈਨੂੰ ਤਾਂ ਹਰ ਵੇਲੇ ਤੇਰੀ ਉਡੀਕ ਸੀ।

ਦੀਪ : ਫੇਰ ਮਾਂ ਜਲਦੀ ਕਰਦੇ, ਮੈਂ ਛੇਤੀ ਵਾਪਸ ਜਾਣਾ ਏ।

*(ਮਾਂ ਅੰਦਰ ਰੋਟੀ ਲੈਣ ਜਾਂਦੀ ਹੈ, ਦੀਪ ਥੈਲੇ ਵਿਚ ਕੁਝ ਚੀਜ਼ਾਂ ਸਾਂਭਦਾ ਹੈ – ਨਾਲ ਨਾਲ ਕੁਝ ਗੁਣਗੁਣਾਉਂਦਾ ਹੈ, ਮਾਂ ਰੋਟੀ ਲੈ ਕੇ ਆਉਂਦੀ ਹੈ। ਦੀਪ ਕਾਹਲੀ ਕਾਹਲੀ ਥੋੜੀ ਖਾਂਦਾ ਹੈ।)*

ਦੀਪ : ਮਾਂ ਅੱਜ ਜਦੋਂ ਮੈਂ ਘਰ ਵੱਲ ਆ ਰਿਹਾ ਸਾਂ, ਮੈਨੂੰ ਸਿਆਲ ਦੀਆਂ ਲੰਮੀਆਂ ਰਾਤਾਂ ਯਾਦ ਆ ਗਈਆਂ ਜਦੋਂ ਮੈਂ ਬਾਪੂ ਕੋਲੋਂ ਬਾਤਾਂ ਸੁਣਦਾ ਸਾਂ।

ਮਾਂ : ਤੇਰੇ ਬਾਪੂ ਨੂੰ ਕਿੰਨੀਆਂ ਬਾਤਾਂ ਆਉਂਦੀਆਂ ਸਨ, ਉਹਨੂੰ ਧਰਤੀ ਨਾਲ ਪਿਆਰ ਸੀ, ਧਰਤੀ ਦੇ ਜੀਆਂ ਨਾਲ ਮੋਹ ਸੀ, ਸੱਚ ਦੀਆਂ ਬਾਤਾਂ ਤੂੰ ਕਿੰਨੇ ਧਿਆਨ ਨਾਲ ਸੁਣਦਾ ਸੀ, ਸੱਜਣ ਠੱਗ ਦੇ ਚਿੱਟੇ ਕੱਪੜਿਆਂ ਵਿਚਲੀ ਕਾਲਖ ਦੀਆਂ, ਭਾਗੋ ਦੀਆਂ ਪੂਰੀਆਂ ਵਿਚੋਂ ਚੋਂਦੇ ਲਹੂ ਦੀਆਂ, ਸਰਹੰਦ ਦੀ ਕੰਧ ਦੀਆਂ, ਜਿਥੇ ਦੋ ਨਿੱਕੇ ਲਾਲਾਂ ਨੇ ਆਪਣਾ ਆਪ ਚਿਣਵਾਕੇ ਜ਼ੁਲਮ ਦੀਆਂ ਕੰਧਾਂ ਨੂੰ ਢਾਹ ਲਾਈ ਸੀ।

ਦੀਪ : ਮਾਂ, ਤੈਨੂੰ ਬਾਪੂ ਦੀ ਬੜੀ ਯਾਦ ਆਉਂਦੀ ਏ?

ਮਾਂ : ਹਾਂ, ਤੇਰਾ ਬਾਪੂ ਇਕ ਬੜਾ ਨੇਕ ਬੰਦਾ ਸੀ, ਹਰ ਵੇਲੇ ਜ਼ਿਆਦਤੀਆਂ ਦੇ ਖਿਲਾਫ ਲੜਣ ਲਈ ਤਿਆਰ ਰਹਿੰਦਾ ਸੀ – ਤੂੰ ਵੀ ਤਾਂ ਆਪਣੇ ਬਾਪੂ 'ਤੇ ਏ...

ਦੀਪ : ਮਾਂ, ਮੈਂ ਅੱਜ ਵੀ ਵੇਖ ਰਿਹਾ ਹਾਂ, ਚਿੱਟੇ ਕਪੜੇ ਵਾਲੇ ਸੱਜਣ ਠੱਗ ਜੋ ਕੁਰਸੀਆਂ 'ਤੇ ਬੈਠੇ ਹੋਏ ਨੇ, ਮਲਕ ਭਾਗੋ ਜੋ ਸਾਰੇ ਸਮਾਜ 'ਤੇ ਹਾਵੀ ਨੇ, ਜਿਨ੍ਹਾਂ ਦੀਆਂ ਪੂਰੀਆਂ ਤੋਂ ਲਹੂ ਸਿੰਮਦਾ ਏ... ਮਾਂ ਜਦੋਂ ਪੁਲਿਸ ਵਾਲੇ ਆਉਂਦੇ ਨੇ, ਤੂੰ ਡਰਦੀ ਤਾਂ ਨਹੀਂ?

ਮਾਂ : ਨਾ ਮੈਂ ਕਿਉਂ ਡਰਨਾ ਏ? ਮੇਰਾ ਪੁੱਤ ਕੋਈ ਗਲਤ ਗੱਲ ਨਹੀਂ ਕਰਦਾ, ਇਹਦਾ ਮੈਨੂੰ ਪਤਾ ਏ।

ਦੀਪ : ਤੈਨੂੰ ਕਿਸ ਤਰ੍ਹਾਂ ਪਤਾ ਏ?

ਮਾਂ : ਬਾਬਾ ਜੀ ਮੈਨੂੰ ਦੱਸਦੇ ਰਹਿੰਦੇ ਨੇ।

ਦੀਪ : ਬਾਬਾ ਜੀ ਹੋਰ ਕੀ ਦਸਦੇ ਨੇ ?

ਮਾਂ : ਇਹੋ ਕਿ ਤੁਹਾਡੀ ਲੜਾਈ ਬੜੀ ਮੁਸ਼ਕਿਲ ਲੜਾਈ ਏ ਤੇ ਇਸ ਵਿਚ ਬੜੀਆਂ ਕੁਰਬਾਨੀਆਂ ਦੇਣੀਆਂ ਪੈਂਦੀਆਂ ਨੇ।

ਦੀਪ : ਹਾਂ ਮਾਂ ਸੱਚ ਦੀ ਲੜਾਈ ਵਿਚ ਕੁਰਬਾਨੀਆਂ ਤਾਂ ਦੇਣੀਆਂ ਹੀ ਪੈਂਦੀਆਂ ਨੇ।

ਮਾਂ : ਕੱਲੀ ਬੈਠੀ ਬੈਠੀ ਨੂੰ ਬੜੇ ਹੋਰ ਹੋਰ ਖਿਆਲ ਵੀ ਆਉਂਦੇ ਨੇ, ਫੇਰ ਆਪਣੇ ਆਪ ਨੂੰ ਹੌਂਸਲਾ ਦੇ ਲੈਂਦੀ ਹਾਂ ਕਿ ਇਹ ਧਰਤੀ ਤਾਂ ਗੁਰੂ ਗੋਬਿੰਦ ਸਿੰਘ ਦੀ ਧਰਤੀ ਏ, ਜਿਨ੍ਹੇ ਚਾਰ ਲਾਲ ਗਵਾਕੇ ਵੀ ਇਹ ਆਖਿਆ ਸੀ ਕਿ ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।

ਦੀਪ : ਠੀਕ ਏ ਮਾਂ, ਤੇਰੀਆਂ ਗੱਲਾਂ ਹੀ ਤਾਂ ਮੈਨੂੰ ਹੌਂਸਲਾ ਦੇਂਦੀਆਂ ਨੇ। ਹਾਂ ਮਾਂ ਇਕ ਗੱਲ ਦਾ ਖਿਆਲ ਰਖੀਂ ਕਿ ਸਰਪੰਚ ਨਾਲ ਕੋਈ ਗੱਲ ਨਹੀਂ ਕਰਨੀ, ਉਹ ਹੁਣ ਪੂਰੀ ਤਰ੍ਹਾਂ ਪੁਲਿਸ ਦਾ ਮੁੱਖਬਰ ਬਣ ਗਿਆ ਏ।

ਮਾਂ : ਉਹ ਕਾਹਦੀ ਮੁੱਖਬਰੀ ਕਰਦਾ ਏ ?

ਦੀਪ : ਜਿਸ ਤਰ੍ਹਾਂ ਬਾਪੂ ਵੇਲੇ ਨੰਬਰਦਾਰ ਮੁੱਖਬਰੀ ਕਰਦਾ ਸੀ... ਮਾਂ ਤੈਨੂੰ ਇਕ ਗੱਲ ਹੋਰ ਦਸਾਂ ਬ੍ਰਿਗੇਡੀਅਰ ਨੇ ਮੁਜ਼ਾਰਿਆਂ ਕੋਲੋਂ ਜ਼ਮੀਨ ਖੋਹਕੇ ਜਿਹੜਾ ਫਾਰਮ ਬਣਾਇਆ ਸੀ ਉਹਦੇ 'ਤੇ ਮੁਜ਼ਾਰਿਆਂ ਨੇ ਫੇਰ ਕਬਜ਼ਾ ਕਰ ਲਿਆ ਏ ਤੇ ਸਾਡੀ ਪਾਰਟੀ ਨੇ ਉਹਦੀ ਅਗਵਾਈ ਕੀਤੀ ਏ। ਬੇਰੁਜ਼ਗਾਰੀ ਦੇ ਖਿਲਾਫ ਜਿਹੜਾ ਵੱਡਾ ਵਿਖਾਵਾ ਹੋਇਆ ਏ, ਉਸ ਵਿਚ ਵੀ ਅਸੀਂ ਅਗਵਾਈ ਦਿੱਤੀ ਏ – (ਬਾਕੀ ਰੋਟੀ ਮਾਂ ਨੂੰ ਦੇਂਦੇ ਹੋਏ) ਮਾਂ ਇਹ ਬਾਕੀ ਰੋਟੀ ਬੰਨਦੇ, ਮੈਂ ਥੈਲੇ ਵਿਚ ਪਾ ਲਵਾਂਗਾ, ਜਿਸ ਤਰ੍ਹਾਂ ਨਿੱਕੇ ਹੁੰਦੇ ਬਸਤੇ ਵਿਚ ਪਾਉਂਦਾ ਹੁੰਦਾ ਸਾਂ।

ਮਾਂ : ਹੁਣ ਤੂੰ ਕਿਹੜਾ ਸਕੂਲ ਚਲਿਐਂ।

ਦੀਪ : ਮਾਂ ਮੈਂ ਸਕੂਲ ਹੀ ਚਲਿਆਂ ਹਾਂ ਤੇ ਨਾਲੇ ਅੱਜ ਤਾਂ ਇਮਤਿਹਾਨ ਦਾ ਦਿਨ ਏ, ਤੂੰ ਅਰਦਾਸ ਕਰੀਂ ਕਿ ਮੈਂ ਪਾਸ ਹੋਵਾਂ।

*(ਉਠਦਾ ਹੈ, ਮਾਂ ਦੇ ਪੈਰ ਛੂੰਹਦਾ ਏ ਤੇ ਫੇਰ ਜਲਦੀ ਨਾਲ ਬਾਹਰ ਚਲਾ ਜਾਂਦਾ ਹੈ।)*

*(ਮਾਂ ਇਸ ਮੁਦਰਾ ਵਿਚ ਹੈ ਜਿਸ ਤਰ੍ਹਾਂ ਉਹਨੇ ਦੀਪ ਨੂੰ ਛਾਤੀ ਨਾਲ ਘੁੱਟਿਆ ਹੈ। ਤੇ ਹੌਲੇ ਹੌਲੇ ਫੇਡ ਆਊਟ ਹੁੰਦਾ ਹੈ।)*

(ਨੋਟ) : ਇਥੇ ਕੋਈ ਗੀਤ ਦੇ ਬੋਲ ਵੀ ਉੱਚੀ ਹੁੰਦੇ ਹਨ।

## ਸੀਨ ਚਾਰ

(ਮਾਂ ਇਕ ਲਹੂ ਰੱਤੀ ਕਮੀਜ਼ ਸੀਨੇ ਨਾਲ ਘੁੱਟੀ ਅਗੇ ਆਉਂਦੀ ਹੈ।)

ਮਾਂ : ਤੇ ਉਹ ਆਖਰੀ ਵਾਰ ਸੀ ਜਦੋਂ ਮੈਂ ਆਪਣੇ ਪੁੱਤ ਨੂੰ ਮਿਲੀ। ਉਸ ਰਾਤ ਦੇ ਕੁਝ ਦਿਨਾਂ ਬਾਅਦ ਬਾਬਾ ਜੀ ਇਹ ਲਹੂ ਰੱਤੀ ਕਮੀਜ਼ ਲੈਕੇ ਮੇਰੇ ਕੋਲ ਆਏ – ਮੇਰਾ ਲਾਲ ਇਕ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ ਤੇ ਲਾਸ਼ ਸ਼ਨਾਖਤ ਲਈ ਥਾਣੇ ਪਈ ਸੀ – ਮੈਂ ਥਾਣੇ ਗਈ, ਲਾਸ਼ ਦੇ ਹੱਥਾਂ 'ਤੇ ਪੱਟੀਆਂ ਬੰਨੀਆਂ ਹੋਈਆਂ ਸਨ। ਕਿਉਂ ? ਮੇਰੇ ਕਹਿਣ 'ਤੇ ਪੱਟੀਆਂ ਖੋਲੀਆਂ ਗਈਆਂ। ਇਹ ਕੀ ? ਮੈਂ ਚੀਕੀ...(ਜਵਾਬ ਮਿਲਿਆ) ਇਹਦੇ ਹੱਥਾਂ ਦੇ ਨਿਸ਼ਾਨ ਲਏ ਗਏ ਸਨ। ਜਿਸ ਤੋਂ ਪਤਾ ਲੱਗ ਸਕੇ ਕਿ ਇਸਨੇ ਕਿਹੜੇ ਕਿਹੜੇ ਕਤਲ ਕੀਤੇ ਹਨ... ਤੇ ਉਸ ਸਿਆਹੀ ਨਾਲ ਹੱਥਾਂ ਦਾ ਮਾਸ ਉਧੱੜ ਗਿਆ ਹੈ...। ਪਰ ਉਹ ਗਲਤ ਸੀ ਹੱਥਾਂ ਦੀਆਂ ਤਲੀਆਂ ਵਿਚਲੇ ਲਹੂ ਰੰਗੇ ਡੂੰਘੇ ਨਿਸ਼ਾਨ ਚੀਕ ਰਹੇ ਸਨ – ਇਸ ਈਸਾ ਨੂੰ ਆਪਣੇ ਈਮਾਨ ਤੋਂ ਡੁਲਾਉਣ ਲਈ ਇਸ ਦੀਆਂ ਤਲੀਆਂ ਵਿਚ ਕਿੱਲ ਠੋਕੇ ਗਏ – ਉਸ ਦੀਆਂ ਉਂਗਲੀਆਂ 'ਤੇ ਕੋਈ ਸਾਬਤ ਨਹੁੰ ਨਹੀਂ ਸੀ ਤੇ ਉਹ ਲੰਮੀਆਂ ਪਤਲੀਆਂ ਉਂਗਲੀਆਂ ਕਹਿ ਰਹੀਆਂ ਸਨ – ਜਦ ਇਹ ਮਨੀ ਸਿੰਘ ਆਪਣੇ ਆਦਰਸ਼ ਤੋਂ ਨਾ ਡੋਲਿਆ ਤਾਂ ਇਸਦਾ ਇਕੱਲਾ ਇਕੱਲਾ ਨਹੁੰ ਜੰਬੂਰਾਂ ਨਾਲ ਖਿੱਚ ਖਿੱਚਕੇ ਲਾਹਿਆ ਗਿਆ – ਫਿਰ ਛਾਤੀ ਉਤਲੇ ਸੁਰਖ ਲਹੂ ਦੇ ਨਿਸ਼ਾਨ ਬੋਲ ਉਠੇ – ਜਦ ਕੋਈ ਪੇਸ਼ ਨਾ ਗਈ ਤਾਂ ਬੜੀ ਬਹਾਦਰੀ ਨਾਲ ਇਸਦੀ ਛਾਤੀ ਵਿਚ ਗੋਲੀ ਮਾਰੀ ਗਈ ਤੇ ਫਿਰ ਇਹਨਾਂ ਜ਼ਖ਼ਮੀਂ ਹੱਥਾਂ ਵਿਚ ਰੀਵਾਲਵਰ ਪਕੜਾਇਆ ਗਿਆ... ਤੇ ਮੁਕਾਬਲੇ ਦੀ ਖੂਬਸੂਰਤ ਕਹਾਣੀ ਪੂਰੀ ਹੋ ਗਈ...

ਤੇ ਫੇਰ ਉਹ ਵੀ ਦਿਨ ਆਏ ਜਦੋਂ ਇਸ ਧਰਤੀ 'ਤੇ ਕਾਲੀ ਹਨ੍ਹੇਰੀ ਚੱਲੀ, ਮੇਰੇ ਲਾਲ ਦੇ ਕਈ ਸਾਥੀ ਇਸ ਕਾਲੀ ਹਨ੍ਹੇਰੀ ਦਾ ਮੁਕਾਬਲਾ ਕਰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਉਹ ਖਾਲਿਸਤਾਨੀ ਦਹਿਸ਼ਤ ਦੇ ਵੀ ਸ਼ਿਕਾਰ ਹੋਏ ਤੇ ਹਕੂਮਤੀ ਦਹਿਸ਼ਤਗਰਦੀ ਦੇ ਵੀ ਸ਼ਿਕਾਰ ਹੋਏ, ਮੈਨੂੰ ਇਕ ਇਕ ਦੀ ਯਾਦ ਏ। ਮੈਨੂੰ ਯਾਦ ਏ ਬਿਕਰ ਜਦੋਂ ਇਹ ਕਮੀਜ਼ ਲਿਆਇਆ ਸੀ ਤਾਂ ਉਹਨੇ ਕਿਹਾ ਸੀ – ਭਾਬੀ ਸਾਨੂੰ ਸ਼ਨਾਖਤ ਲਈ ਬੁਲਾਇਆ ਏ ਜੇ ਅਸੀਂ ਨਾ ਗਏ ਤਾਂ ਉਹ ਲਾਸ਼ ਨੂੰ ਲਾਵਾਰਸ ਕਹਿਕੇ ਫੂਕ ਦੇਣਗੇ ਤਾਂ ਮੈਂ ਕਿਹਾ ਸੀ – ਨਹੀਂ

ਮੇਰੇ ਪੁੱਤਰ ਦੀ ਲਾਸ਼ ਲਾਵਾਰਸ ਨਹੀਂ, ਮੈਂ ਉਹਦੀ ਵਾਰਸ ਜੀਂਦੀ ਹਾਂ – ਮੈਂ ਜੀਂਦੀ ਹਾਂ...
ਅੱਜ ਜਦੋਂ ਤੁਸੀਂ ਸ਼ਹੀਦਾਂ ਦੀ ਯਾਦ ਵਿਚ ਇਕੱਠੇ ਹੋਏ ਹੋ ਤਾਂ ਮੈਂ ਕਹਿ ਸਕਦੀ ਹਾਂ ਕਿ ਮੈਂ ਇਕੱਲੀ ਉਹਦੀ ਵਾਰਸ ਨਹੀਂ – ਤੁਸੀਂ ਸਾਰੇ ਉਹਦੇ ਵਾਰਸ ਹੋ, ਉਹਦੇ ਸਾਥੀਆਂ ਦੇ ਵਾਰਸ ਹੋ ਤੇ ਉਹਨਾਂ ਦੀ ਛੇੜੀ ਜੰਗ ਨੂੰ ਅਗੇ ਲੈਕੇ ਜਾਓਗੇ – ਅੱਜ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਤੁਸੀਂ ਮੇਰੇ ਨਾਲ ਬੋਲੋਗੇ – ਨਕਸਲਬਾੜੀ ਦੇ ਸ਼ਹੀਦ ਜ਼ਿੰਦਾਬਾਦ
ਨਕਸਲਬਾੜੀ ਜ਼ਿੰਦਾਬਾਦ
ਇਨਕਲਾਬ ਜ਼ਿੰਦਾਬਾਦ

*(ਕਮੀਜ਼ ਨੂੰ ਛਾਤੀ ਨਾਲ ਲਾਉਂਦੀ ਏ ਜਦੋਂ ਨਾਟਕ ਸਮਾਪਤ ਹੁੰਦਾ ਹੈ।)*